# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :12-06-2026**

**ਪਹਿਲਾਂ ਬੁਲੇਟਿਨ ਦੀਆਂ ਖਾਸ ਖ਼ਬਰਾਂ।**

- ਰਾਸ਼ਟਰੀ ਟੈਸਟਿੰਗ ਏਜੰਸੀ ਨੇ 21 ਜੂਨ ਨੂੰ ਹੋਣ ਵਾਲੀ NEET UG ਮੁੜ੍ਹ-ਪ੍ਰੀਖਿਆ ਲਈ ਪ੍ਰੀਖਿਆ ਦੀ ਮਿਆਦ 15 ਮਿੰਟ ਵਧਾ ਕੇ 195 ਮਿੰਟ ਕੀਤੀ।

- BJP ਦੀ ਪੰਜਾਬ ਇਕਾਈ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ 12 ਸਾਲਾਂ ਦੌਰਾਨ ਪੰਜਾਬ ਨੂੰ ਕੇਂਦਰ ਤੋਂ ਬੇਮਿਸਾਲ ਵਿੱਤੀ ਸਹਾਇਤਾ ਮਿਲੀ ਏ।

- ਮਸ਼ਹੂਰ ਭਾਰਤੀ ਸ਼ੂਟਿੰਗ ਕੋਚ ਅਤੇ ਏਸ਼ੀਆਈ ਖੇਡਾਂ ਦੇ ਸਾਬਕਾ ਸੋਨ ਤਮਗਾ ਜੇਤੂ ਜਸਪਾਲ ਰਾਣਾ ਦਾ ਦੇਹਾਂਤ ਹੋ ਗਿਆ ਹੈ। ਉਹ 49 ਸਾਲ ਦੇ ਸਨ।

- ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਵਿਚ ਪੀਲੀਆ ਦੇ ਮਾਮਲਿਆਂ ਦੀ ਸੂਚਨਾ ਮਿਲਣ ਉਪਰੰਤ ਕੀਤਾ ਟੀਮ ਸਣੇ ਦੌਰਾ। - ਕਿਹਾ ਸਥਿਤੀ ਕਾਬੂ ਹੇਠ

- ਪੰਜਾਬ ਵਿਚ ਕੱਲ੍ਹ ਆਏ ਹਨੇਰੀ ਝੱਖੜ ਤੇ ਮੀਂਹ ਨਾਲ ਇਕ ਕੁੜੀ ਸਣੇ ਦੋ ਲੋਕਾਂ ਦੀ ਹੋਈ ਮੌਤ, ਇਕ ਵਿਅਕਤੀ ਗੰਭੀਰ ਜ਼ਖਮੀ।

- 14 ਜੂਨ ਤੱਕ ਇਨ੍ਹਾਂ ਪੰਜਾਬ ਤੇ ਹਰਿਆਣਾ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ ਵਿੱਚ ਬਾਰਿਸ਼ ਅਤੇ ਤੂਫ਼ਾਨ ਦਾ YELLOW ਅਲਰਟ ਕੀਤਾ ਗਿਆ ਜਾਰੀ।

## ਹੁਣ ਖ਼ਬਰਾਂ ਵਿਸਥਾਰ ਨਾਲ

ਰਾਸ਼ਟਰੀ ਟੈਸਟਿੰਗ ਏਜੰਸੀ (NTA) ਨੇ 21 ਜੂਨ ਨੂੰ ਹੋਣ ਵਾਲੀ NEET UG ਮੁੜ੍ਹ-ਪ੍ਰੀਖਿਆ ਲਈ ਪ੍ਰੀਖਿਆ ਦੀ ਮਿਆਦ 15 ਮਿੰਟ ਵਧਾ ਕੇ 195 ਮਿੰਟ ਕਰ ਦਿੱਤੀ ਏ। ਨਵਾਂ ਸਮਾਂ ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 5 ਵਜ ਕੇ 15 ਮਿੰਟ ਤੱਕ ਹੋਵੇਗਾ। ਸੋਧੀ ਹੋਈ ਪ੍ਰੀਖਿਆ ਦੀ ਮਿਆਦ ਵਿੱਚ ਲਾਜ਼ਮੀ ਪ੍ਰੀਖਿਆ ਅਮਲਾਂ ਲਈ ਲੋੜੀਂਦਾ ਸਮਾਂ ਸ਼ਾਮਲ ਏ। ਏਜੰਸੀ ਨੇ ਕਿਹਾ ਕਿ ਇਹ ਸੁਧਾਰ ਪਿਛਲੇ ਕਈ ਸਾਲਾਂ ਤੋਂ ਉਮੀਦਵਾਰਾਂ ਤੋਂ ਪ੍ਰਾਪਤ ਪ੍ਰਤੀਕਰਮ ਦੇ ਆਧਾਰ 'ਤੇ ਕੀਤੇ ਗਏ ਨੇ. ਏਜੰਸੀ ਨੇ ਕਿਹਾ ਕਿ ਇਹ,

ਇਸ ਗੱਲ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਏ ਕਿ NEET UG ਪ੍ਰੀਖਿਆ, ਉਮੀਦਵਾਰਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਨਿਰਪੱਖ, ਸੁਰੱਖਿਅਤ ਅਤੇ ਜਵਾਬਦੇਹ ਢੰਗ ਨਾਲ ਕਰਵਾਈ ਜਾਵੇ।

----------------------------------------------------------------

ਸਰਕਾਰ ਨੇ ਸੰਸਥਾਗਤ, ਸਨਅਤੀ ਅਤੇ ਵਪਾਰਕ ਗਾਹਕਾਂ ਨੂੰ ਪ੍ਰਚੂਨ ਵਿਕਰੇਤਾਵਾਂ ਤੋਂ ਮੋਟਰ ਈਂਧਣ ਅਤੇ ਹਾਈ-ਸਪੀਡ ਡੀਜ਼ਲ ਖਰੀਦਣ ‘ਤੇ ਰੋਕ ਲਾ ਦਿੱਤੀ ਏ. ਸਰਕਾਰ ਨੇ ਕਿਹਾ ਏ ਕਿ ਓਹ  ਘਰੇਲੂ ਪੈਟਰੋਲ ਪੰਪਾਂ ਤੋਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ। ਪੱਛਮੀ ਏਸ਼ੀਆ ਵਿੱਚ ਟਕਰਾਅ ਕਾਰਨ ਆਲਮੀ ਸਪਲਾਈ ਲੜੀਆਂ ਵਿੱਚ ਵਿਘਨ ਦਰਮਿਆਨ ਸਥਾਨਕ ਈਂਧਣ ਦੀ ਘਾਟ ਨੂੰ ਰੋਕਣ ਲਈ ਇਹ ਫੈਸਲਾ ਲਿਆ ਗਿਆ ਏ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਵਿੱਚ ਕਿਹਾ ਕਿ ਇਹ ਪਾਬੰਦੀਆਂ 90 ਦਿਨਾਂ ਲਈ ਲਾਗੂ ਰਹਿਣਗੀਆਂ। ਪ੍ਰਚੂਨ ਵਿਕਰੇਤਾਵਾਂ ਨੂੰ ਪ੍ਰਤੀ ਗਾਹਕ ਪ੍ਰਤੀ ਦਿਨ, ਵੱਧ ਤੋਂ  ਵੱਧ, 200 ਲੀਟਰ ਹਾਈ-ਸਪੀਡ ਡੀਜ਼ਲ ਵੇਚਣ ਦੇ ਨਿਰਦੇਸ਼ ਦਿੱਤੇ ਗਏ ਨੇ. ਮੰਤਰਾਲੇ ਨੇ ਕਿਹਾ ਕਿ ਇਹ ਆਦੇਸ਼ ਇਸ ਸੰਕਟ ਦੌਰਾਨ ਜਮ੍ਹਾਂਖੋਰੀ ਨੂੰ ਰੋਕਣ ਲਈ ਇੱਕ ਅਸਥਾਈ ਉਪਾਅ ਏ। ਇਸਨੇ ਤੇਲ ਕੰਪਨੀਆਂ ਅਤੇ ਪ੍ਰਚੂਨ ਵਿਕਰੇਤਾਵਾਂ ਨੂੰ ਆਦੇਸ਼ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਏ

----------------------------------------------------------------

ਭਾਰਤੀ ਜਨਤਾ ਪਾਰਟੀ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ 12 ਸਾਲਾਂ ਦੌਰਾਨ ਸੂਬੇ ਨੂੰ ਕੇਂਦਰ ਤੋਂ ਬੇਮਿਸਾਲ ਵਿੱਤੀ ਸਹਾਇਤਾ ਮਿਲੀ ਏ। ਉਨ੍ਹਾਂ ਨੇ ਸੂਬੇ ਦੇ ਲੋਕਾਂ ਨੂੰ ਕੁਝ ਰਾਜਨੀਤਿਕ ਪਾਰਟੀਆਂ ਵਲੋਂ ਫੈਲਾਏ ਗਏ ਗੁੰਮਰਾਹਕੁੰਨ ਬਿਆਨ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਤੱਥਾਂ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ। ਮੌਜੂਦਾ ਕੇਂਦਰ ਸਰਕਾਰ ਦੀ ਸਫਲ ਯਾਤਰਾ ਅਤੇ ਸੂਬੇ ਦੇ ਨਾਗਰਿਕਾਂ ਦੀ ਭਲਾਈ ਲਈ ਪੰਜਾਬ ਨੂੰ ਟ੍ਰਾਂਸਫਰ ਕੀਤੇ ਗਏ ਫੰਡਾਂ ਦੀ ਰਕਮ ਬਾਰੇ ਇਕ ਵੀਡੀਓ ਰਾਹੀਂ ਵਿਖਾਲਾ ਕਰਦੇ ਹੋਏ, ਸ੍ਰੀ ਢਿੱਲੋਂ ਨੇ ਕਿਹਾ ਕਿ ਕੁਝ ਰਾਜਨੀਤਿਕ ਪਾਰਟੀਆਂ ਦੇ ਦਾਅਵਿਆਂ ਦੇ ਉਲਟ, ਕੇਂਦਰ ਨੇ ਇਸ ਸਮੇਂ ਦੌਰਾਨ ਟੈਕਸ ਵੰਡ, ਗ੍ਰਾਂਟ-ਇਨ-ਏਡ, ਜੀ.ਐਸ.ਟੀ ਮੁਆਵਜ਼ਾ ਅਤੇ ਕੇਂਦਰੀ ਕਰਜ਼ਿਆਂ ਰਾਹੀਂ ਪੰਜਾਬ ਨੂੰ 4 ਲੱਖ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਭੇਜੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਲਗਾਤਾਰ ਵਿੱਤ ਕਮਿਸ਼ਨਾਂ ਅਧੀਨ ਕੇਂਦਰੀ ਟੈਕਸਾਂ ਵਿੱਚ ਪੰਜਾਬ ਦਾ ਹਿੱਸਾ ਲਗਾਤਾਰ ਵਧਿਆ ਏ। ਸ੍ਰੀ ਢਿੱਲੋਂ ਨੇ ਅੱਜ ਚੰਡੀਗੜ੍ਹ ਵਿਖੇ ਇੱਕ ਮੀਡੀਆ ਗੱਲਬਾਤ ਦੌਰਾਨ ਕਿਹਾ ।

BYTE

ਉਨ੍ਹਾਂ ਕਿਹਾ ਪ੍ਰਧਾਨ ਮੰਤਰੀ-ਕਿਸਾਨ ਯੋਜਨਾ ਤਹਿਤ 6 ਹਜ਼ਾਰ 552 ਕਰੋੜ ਰੁਪਏ ਦਿੱਤੇ ਗਏ ਹਨ, ਜਿਸ ਨਾਲ 11 ਲੱਖ ਤੋਂ ਵੱਧ ਕਿਸਾਨਾਂ ਨੂੰ

ਲਾਭ ਹੋਇਆ ਏ । ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀਆਂ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ ਦੀ ਭਾਵਨਾ ਨੂੰ ਦਰਸਾਉਂਦੀਆਂ ਨੇ।

-----------------------------------------------------

ਪੰਜਾਬ ਅਤੇ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਨੇ ਮ੍ਰਿਤਕਾਂ ਦੇ ਸਨਮਾਨ ਸੰਬੰਧੀ ਆਪਣੀਆਂ ਸਿਫਾਰਿਸ਼ਾਂ ਨੂੰ ਪੰਜਾਬ ਸਰਕਾਰ ਦੁਆਰਾ ਅਪਣਾਏ ਜਾਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਏ। ਕਮਿਸ਼ਨ ਨੇ 06 ਦਸੰਬਰ 2025 ਨੂੰ ਇਹ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ ਤਾਂ ਜੋ ਮ੍ਰਿਤਕ ਵਿਅਕਤੀਆਂ ਦੇ ਸਨਮਾਨਜਨਕ ਪ੍ਰਬੰਧ ਅਤੇ ਸਿਹਤ ਸੰਭਾਲ ਸੰਸਥਾਵਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਇੱਕ ਅਧਿਕਾਰਤ ਬਿਆਨ ਅਨੁਸਾਰ, ਕਮਿਸ਼ਨ ਨੇ ਕਿਹਾ ਕਿ ਰਾਜ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ 9 ਜੂਨ ਨੂੰ ਰਾਜ ਭਰ ਦੀਆਂ ਸਾਰੀਆਂ ਸਰਕਾਰੀ ਅਤੇ ਨਿੱਜੀ ਸਿਹਤ ਸੰਭਾਲ ਸੰਸਥਾਵਾਂ ਨੂੰ ਇਸ ਸੰਬੰਧੀ ਵਿਆਪਕ ਨਿਰਦੇਸ਼ ਜਾਰੀ ਕੀਤੇ ਨੇ। ਕਮਿਸ਼ਨ ਦੀ ਅਗਵਾਈ ਕਰਨ ਵਾਲੇ ਚੇਅਰਪਰਸਨ ਜਸਟਿਸ ਸੰਤ ਪ੍ਰਕਾਸ਼ ਨੇ ਕਿਹਾ ਕਿ ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨਾ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਮ੍ਰਿਤਕ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਨੁੱਖੀ ਵਿਵਹਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਏ।

-------------------------------------------------------

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਡੋਗਰਾ ਮੁਹੱਲਾ, ਸਰਹੰਦੀ ਗੇਟ ਵਿਖੇ ਪੀਲੀਆ ਦੇ ਮਾਮਲਿਆਂ ਦੀ ਸੂਚਨਾ ਮਿਲਣ ਉਪਰੰਤ ਖੁਦ ਸਮੁੱਚੀ ਟੀਮ ਸਮੇਤ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਤੇ ਗੰਦੇ ਪਾਣੀ ਨਾਲ ਬੀਮਾਰ ਹੋਏ ਲੋਕਾ ਦੀ ਸਥਿਤੀ ਦਾ ਜਾਇਜ਼ਾ ਲਿਆ ਏ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੀਲੀਆ ਦੇ 15 ਮਾਮਲਿਆਂ ਦੀ ਪੁਸ਼ਟੀ ਹੋਈ ਏ ਅਤੇ 5 ਮਰੀਜ਼ ਹਸਪਤਾਲ ਵਿੱਚ ਦਾਖਲ ਨੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਾਰੇ ਮਰੀਜ਼ਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਏ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਏ।

-------------------------------------------------------

ਕਪੂਰਥਲਾ ਦੇ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ ਯੋਜਨਾ ਦਾ ਲਾਭ ਲੈ ਰਹੇ ਕਿਸਾਨਾ ਲਈ ਐਗਰੀਸਟੈਕ ਦੇ ਆਨਲਾਈਨ ਪੋਰਟਲ ‘ਤੇ ਫਾਰਮਰ ਰਜਿਸਟਰੀ ਤਹਿਤ ਰਜਿਸਟਰ ਹੋ ਕੇ ਆਪਣੀ ਫਾਰਮਰ ਆਈ.ਡੀ. ਬਣਾਉਣਾ ਲਾਜ਼ਮੀ ਏ। ਉਨ੍ਹਾਂ ਦੱਸਿਆ ਕਿ ਫਾਰਮਰ ਰਜਿਸਟਰੀ ਦਾ ਮੁੱਖ ਉਦੇਸ਼ ਕਿਸਾਨਾਂ ਦਾ ਕੇਂਦਰੀ ਡਾਟਾਬੇਸ ਬਣਾਉਣਾ ਏ ਤਾਂ ਜੋ ਸਰਕਾਰੀ ਸਹਾਇਤਾ ਸਿੱਧੇ ਤੇ ਪਾਰਦਰਸ਼ੀ ਢੰਗ ਨਾਲ ਲਾਭਪਾਤਰੀਆਂ ਤੱਕ ਪਹੁੰਚਾਈ ਜਾ ਸਕੇ। ਪੀ.ਐਮ.ਕਿਸਾਨ ਸਨਮਾਨ ਨਿੱਧੀ ਯੋਜਨਾ ਦੀਆਂ

ਅਗਲੀਆਂ ਕਿਸ਼ਤਾਂ ਕੇਵਲ ਉਨ੍ਹਾਂ ਕਿਸਾਨਾਂ ਨੂੰ ਮਿਲਣਗੀਆਂ ਜ਼ਿਨ੍ਹਾਂ ਦੀ ਰਜਿਸਟਰੇਸ਼ਨ ਮੁਕੰਮਲ ਹੋਣਗੀਆਂ।

---------------------------------------------------

ਪ੍ਰਸਿੱਧ ਭਾਰਤੀ ਨਿਸ਼ਾਨੇਬਾਜ਼ੀ ਕੋਚ ਅਤੇ ਏਸ਼ੀਆਈ ਖੇਡਾਂ 'ਚ ਸੋਨੇ ਦਾ ਤਮਗਾ ਜਿੱਤਣ ਵਾਲੇ ਜਸਪਾਲ ਰਾਣਾ ਦਾ ਦੇਹਾਂਤ ਹੋ ਗਿਆ ਏ । ਉਹ 49 ਸਾਲ ਦੇ ਸਨ । ਭਾਰਤੀ ਰਾਸ਼ਟਰੀ ਰਾਈਫਲ ਸੰਘ ਦੇ ਪ੍ਰਧਾਨ ਕਾਲੀਕੇਸ਼ ਨਾਰਾਇਣ ਸਿੰਘ ਦਿਓ ਮੁਤਾਬਿਕ, ਰਾਣਾ ਨੇ ਕੱਲ੍ਹ ਰਾਤ ਦਿੱਲੀ ਦੇ ਇੱਕ ਹਸਪਤਾਲ ਵਿੱਚ ਆਖਰੀ ਸਾਹ ਲਏ. ਰਾਣਾ ਨੇ ਹਾਲ ਹੀ ਵਿੱਚ ਜਰਮਨੀ ਦੇ ਮਿਊਨਿਖ ਵਿੱਚ ISSF ਵਿਸ਼ਵ ਕੱਪ ਤੋਂ ਵਾਪਸੀ ਦੀ ਉਡਾਣ ਦੌਰਾਨ ਬੀਮਾਰ ਹੋਣ ਤੋਂ ਬਾਅਦ ਇੱਕ ਡਾਕਟਰੀ ਪ੍ਰਕਿਰਿਆ ਕਰਵਾਈ। ਨਵੀਂ ਦਿੱਲੀ ਪਹੁੰਚਣ 'ਤੇ, ਓਹਨਾਂ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਅਤੇ ਸਟੈਂਟ ਠੀਕ ਕਰਨ ਲਈ ਇੱਕ ਡਾਕਟਰੀ ਪ੍ਰਕਿਰਿਆ ਕਰਵਾਈ ਗਈ । ਪੇਸ਼ ਏ ਇੱਕ ਰਿਪੋਰਟ:

ਉੱਤਰਾਖੰਡ ਦੇ ਉੱਤਰਕਾਸ਼ੀ ਵਿੱਚ ਜੰਮੇ, ਜਸਪਾਲ ਰਾਣਾ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਨਿਸ਼ਾਨੇਬਾਜ਼ੀ ਦੇ ਮਾਹਿਰ ਅਤੇ ਰਾਸ਼ਟਰੀ ਕੋਚ ਵਜੋਂ ਸੇਵਾ ਨਿਭਾਉਂਦਿਆਂ ਇੱਕ ਵਿਰਸਾ ਬਣਾਇਆ. ਓਹਨਾਂ ਏਸ਼ੀਆਈ ਖੇਡਾਂ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਕਈ ਤਮਗੇ ਜਿੱਤੇ। ਰਾਣਾ ਨੇ 1994 ਦੇ ਮਿਲਾਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਸਿਰਫ 18 ਸਾਲ ਦੀ ਉਮਰ ਵਿੱਚ ਜੂਨੀਅਰ ਵਰਗ ਵਿੱਚ ਵਿਸ਼ਵ-ਰਿਕਾਰਡ ਸਕੋਰ ਨਾਲ ਸੋਨੇ ਦਾ ਤਮਗਾ ਜਿੱਤਿਆ.ਓਹਨਾਂ ਨੂੰ ਖੇਡ ਵਿੱਚ ਸ਼ਾਨਦਾਰ ਨਿਸ਼ਾਨੇਬਾਜ਼ ਮਨੂ ਭਾਕਰ ਦੀ ਕਾਮਯਾਬੀ ਪਿੱਛੇ ਇੱਕ ਵਿਅਕਤੀ ਵਜੋਂ ਵਿਆਪਕ ਤੌਰ 'ਤੇ ਸਲਾਹਿਆ ਜਾਂਦਾ ਏ. ਭਾਕਰ ਤੋਂ ਇਲਾਵਾ, ਰਾਣਾ ਨੇ ਕਈ ਪ੍ਰਮੁੱਖ ਪਿਸਟਲ ਨਿਸ਼ਾਨੇਬਾਜ਼ਾਂ ਨਾਲ ਕੰਮ ਕੀਤਾ, ਜਿਨ੍ਹਾਂ ਵਿੱਚ ਸੌਰਭ ਚੌਧਰੀ, ਅਨੀਸ਼ ਭਾਨਵਾਲਾ ਅਤੇ ਚਿੰਕੀ ਯਾਦਵ ਸ਼ਾਮਲ ਨੇ. ਉਨ੍ਹਾਂ ਨੂੰ ਭਾਰਤੀ ਨਿਸ਼ਾਨੇਬਾਜ਼ੀ ਵਿੱਚ ਯੋਗਦਾਨ ਲਈ 1994 ਵਿੱਚ ਅਰਜੁਨ award ਅਤੇ 1997 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ

। ਉਨ੍ਹਾਂ ਨੂੰ 2020 ਵਿੱਚ ਦਰੋਣਾਚਾਰੀਆ award ਨਾਲ ਵੀ ਨਿਵਾਜ਼ਿਆ ਗਿਆ. ਓਹਨਾਂ ਦੇ ਦੇਹਾਂਤ ਤਾਲ ਭਾਰਤੀ ਨਿਸ਼ਾਨੇਬਾਜ਼ੀ ਨੇ ਆਪਣੇ ਸਭ ਤੋਂ ਵਧੀਆ ambassador, ਐਥਲੀਟ, ਤੇ ਰਹਿਨੁਮਾ, ਅਤੇ ਖੇਡ ਪੱਤਰਕਾਰੀ ਨੇ ਇੱਕ ਜਾਣਕਾਰ ਮਾਰਗਦਰਸ਼ਕ ਨੂੰ ਗੁਆ ਦਿੱਤਾ ਏ ।

-------------------------------------------------------

ਗੁਰਦਾਸਪੁਰ, ਦੀਨਾਨਗਰ ਅਤੇ ਕਾਦੀਆਂ ਵਿਖੇ ਕਲ 13 ਜੂਨ ਨੂੰ ਪੈਣ ਵਾਲੀਆਂ ਨਗਰ ਕੌਂਸਲ ਦੀਆਂ ਵੋਟਾਂ ਲਈ ਤਿਆਰੀ ਮੁਕੰਮਲ ਕਰ ਲਈ ਗਈ ਏ । ਵਧੀਕ ਜਿਲਾ ਚੋਣਕਾਰ ਅਫਸਰ ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ  ਨਗਰ ਕੌਂਸਲਾਂ ਦੀਆਂ ਚੋਣਾਂ ਨਿਰਪੱਖ ਅਤੇ ਸ਼ਾਂਤੀਪੂਰਵਕ ਢੰਗ ਨਾਲ ਮੁਕੰਮਲ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕੱਲ ਵੋਟਾਂ ਸਬੰਧੀ ਵੱਖ-ਵੱਖ ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਰਵਾਨਾ ਹੋ ਗਈਆਂ ਨੇ ।

-------------------------------------------------------

ਪੰਜਾਬ ਵਿਚ ਕੱਲ੍ਹ ਆਏ ਹਨੇਰੀ ਝੱਖੜ ਤੇ ਮੀਂਹ ਨਾਲ ਸਬੰਧਿਤ ਵੱਖ ਵੱਖ ਘਟਨਾਵਾਂ ਵਿਚ ਇਕ ਕੁੜੀ ਸਣੇ ਦੋ ਲੋਕਾਂ ਦੀ ਮੌਤ ਹੋ ਗਈ ਏ ਤੇ ਇਕ ਵਿਅਕਤੀ ਗੰਭੀਰ ਜ਼ਖਮੀ ਹੋਇਆ ਏ। ਅੰਮ੍ਰਿਤਸਰ 'ਚ ਵਾਪਰੇ ਹਾਦਸੇ ਵਿਚ ਮੰਦਿਰ ਦੀ ਕੰਧ ਢਹਿ ਜਾਣ ਕਾਰਨ ਇਕ ਬਜੁਰਗ ਦੀ ਮੌਤ ਹੋਈ ਏ। ਜਦਕਿ ਇਕ ਹੋਰ ਵਿਅਕਤੀ ਗੰਭੀਰ ਜਖਮੀ ਹੋਇਆ ਏ। ਉਧਰ, ਫਾਜ਼ਿਲਕਾ ਦੇ ਸਰਹੱਦੀ ਪਿੰਡ ਝੰਗੜ ਭੈਣੀ ਵਿੱਚ ਇਕ ਲੜਕੀ ਦੀ ਤੇਜ਼ ਹਨੇਰੀ ਝੱਖੜ ਕਾਰਨ ਸੀਮਿੰਟ ਦਾ ਸ਼ੈੱਡ ਡਿੱਗਣ ਨਾਲ ਉਸਦੀ

ਮੌਤ ਹੋ ਗਈ। ਪਿੰਡ ਵਾਸੀ ਹਰਦੀਪ ਸਿੰਘ ਦੇ ਮੁਤਾਬਿਕ ਮ੍ਰਿਤਕ ਕੁੜੀ ਦੀ ਪਛਾਣ 18 ਸਾਲਾ ਸੁਨੀਤਾ ਰਾਣੀ ਵਜੋਂ ਹੋਈ ਹੈ।

---------------------------------------------------

ਬੀਤੇ ਦਿਨੀਂ ਪੰਜਾਬ ਹਰਿਆਣਾ ਤੇ ਚੰਡੀਗੜ੍ਹ ਵਿਚ ਕਈ ਥਾਵਾਂ ਤੇ ਹੋਈ ਬਾਰਿਸ਼ ਅਤੇ ਹਨੇਰੀ ਨਾਲ ਤਾਪਮਾਨ ਵਿਚ ਗਿਰਾਵਟ ਆਈ ਏ | ਮੌਸਮ ਵਿਭਾਗ ਮੁਤਾਬਕ ਪੰਜਾਬ ਵਿੱਚ ਘੱਟੋ-ਘੱਟ ਤਾਪਮਾਨ ਵਿੱਚ 5 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਏ | ਇਸ ਦੌਰਾਨ ਅੱਜ ਪੰਜਾਬ ਵਿਚ ਵੱਧ ਤੋਂ ਵੱਧ ਤਾਪਮਾਨ ਫਰੀਦਕੋਟ ਵਿਚ 36.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜਕਦਿ ਹਰਿਆਣਾ ਦੇ ਭਿਵਾਨੀ ਵਿਚ 39.5 ਡਿਗਰੀ ਸੈਲਸੀਅਸ ਦਰਜ ਹੋਇਆ।

---------------------------------------------------

ਔਰਤਾਂ ਦਾ ਆਈ ਸੀ ਸੀ twenty -20 ਕ੍ਰਿਕੇਟ ਵਿਸ਼ਵ ਕੱਪ ਅੱਜ ਤੋਂ ਸ਼ੁਰੂ ਹੋ ਰਿਹਾ ਏ । ਟੂਰਨਾਮੈਂਟ ਦਾ ਪਹਿਲਾ ਮੈਚ ਮੇਜ਼ਬਾਨ ਇੰਗਲੈਂਡ ਅਤੇ ਸ਼੍ਰੀਲੰਕਾ ਵਿਚਕਾਰ ਖੇਡਿਆ ਜਾਵੇਗਾ । ਇੰਗਲੈਂਡ ਅਤੇ ਵੇਲਜ਼ ਵਿੱਚ ਕਰਾਏ ਜਾ ਰਹੇ ਇਸ ਟੂਰਨਾਮੈਂਟ ਦਾ, ਫਾਈਨਲ 5 ਜੁਲਾਈ ਨੂੰ ਲਾਰਡਜ਼ ਵਿੱਚ ਹੋਵੇਗਾ। ਭਾਰਤੀ ਟੀਮ 14 ਜੂਨ ਨੂੰ ਪਾਕਿਸਤਾਨ ਵਿਰੁੱਧ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਪਹਿਲੀ ਵਾਰ, 12 ਟੀਮਾਂ ਟੂਰਨਾਮੈਂਟ ਵਿੱਚ ਹਿੱਸਾ ਲੈ ਰਹੀਆਂ ਨੇ.

---------------------------------------------------

- ਰਾਸ਼ਟਰੀ ਟੈਸਟਿੰਗ ਏਜੰਸੀ ਨੇ 21 ਜੂਨ ਨੂੰ ਹੋਣ ਵਾਲੀ NEET UG ਮੁੜ-ਪ੍ਰੀਖਿਆ ਲਈ ਪ੍ਰੀਖਿਆ ਦੀ ਮਿਆਦ 15 ਮਿੰਟ ਵਧਾ ਕੇ 195 ਮਿੰਟ ਕੀਤੀ।

- BJP ਦੀ ਪੰਜਾਬ ਇਕਾਈ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ 12 ਸਾਲਾਂ ਦੌਰਾਨ ਪੰਜਾਬ ਨੂੰ ਕੇਂਦਰ ਤੋਂ ਬੇਮਿਸਾਲ ਵਿੱਤੀ ਸਹਾਇਤਾ ਮਿਲੀ ਏ।

- ਮਸ਼ਹੂਰ ਭਾਰਤੀ ਸ਼ੂਟਿੰਗ ਕੋਚ ਅਤੇ ਏਸ਼ੀਆਈ ਖੇਡਾਂ ਦੇ ਸਾਬਕਾ ਸੋਨ ਤਮਗਾ ਜੇਤੂ ਜਸਪਾਲ ਰਾਣਾ ਦਾ ਦੇਹਾਂਤ ਹੋ ਗਿਆ ਹੈ। ਉਹ 49 ਸਾਲ ਦੇ ਸਨ।

- ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਵਿਚ ਪੀਲੀਆ ਦੇ ਮਾਮਲਿਆਂ ਦੀ ਸੂਚਨਾ ਮਿਲਣ ਉਪਰੰਤ ਕੀਤਾ ਟੀਮ ਸਣੇ ਦੌਰਾ। - ਕਿਹਾ ਸਥਿਤੀ ਕਾਬੂ ਹੇਠ

- ਪੰਜਾਬ ਵਿਚ ਕੱਲ੍ਹ ਆਏ ਹਨੇਰੀ ਝੱਖੜ ਤੇ ਮੀਂਹ ਨਾਲ ਇਕ ਕੁੜੀ ਸਣੇ ਦੋ ਲੋਕਾਂ ਦੀ ਹੋਈ ਮੌਤ, ਇਕ ਵਿਅਕਤੀ ਗੰਭੀਰ ਜ਼ਖਮੀ।

- 14 ਜੂਨ ਤੱਕ ਇਨ੍ਹਾਂ ਪੰਜਾਬ ਤੇ ਹਰਿਆਣਾ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ ਵਿੱਚ ਬਾਰਿਸ਼ ਅਤੇ ਤੂਫ਼ਾਨ ਦਾ YELLOW ਅਲਰਟ ਕੀਤਾ ਗਿਆ ਜਾਰੀ।

--------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵਜੇ ਨਮਸਕਾਰ** !